**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਗਲੋਬਲ ਸਬੰਧਾਂ ਨੂੰ ਮਜ਼ਬੂਤ ਬਣਾਉਣ ਲਈ, ਐਨ.ਏ.ਐਸ.ਐਸ.ਸੀ.ਓ.ਐਮ. ਦੇ ਨਾਲ ਭਾਈਵਾਲੀ ਕੀਤੀ

ਬ੍ਰੈਂਪਟਨ, ਓਨਟੈਰੀਓ (5 ਮਈ, 2022) – ਸਿਟੀ ਆਫ ਬ੍ਰੈਂਪਟਨ, ਅਜਿਹਾ ਇਨੋਵੇਸ਼ਨ ਅਤੇ ਟੈਕਨੋਲੋਜੀ ਸੈਕਟਰ ਵਿਕਸਿਤ ਕਰਕੇ, ਇੱਕ ਵਿਚਾਰਸ਼ੀਲ ਅਤੇ ਪ੍ਰਭਾਵਸ਼ਾਲੀ ਬਦਲਾਅ ਕਰ ਰਹੀ ਹੈ, ਜੋ ਗਲੋਬਲ ਕਾਰੋਬਾਰਾਂ ਲਈ ਮੌਕਿਆਂ ਨਾਲ ਭਰਪੂਰ ਹੋਵੇ। ਅੱਜ, ਸਿਟੀ ਨੇ ਬ੍ਰੈਂਪਟਨ ਵਿੱਚ *ਲੌਂਚਪੈਡ ਪ੍ਰੋਗਰਾਮ (Launchpad program)* ਸਥਾਪਤ ਕਰਨ ਲਈ, ਭਾਰਤ (India) ਦੀ ਨੈਸ਼ਨਲ ਐਸੋਸੀਏਸ਼ਨ ਆਫ ਸੌਫਟਵੇਅਰ ਐਂਡ ਸਰਵਿਸਿਜ ਕੰਪਨੀਜ (ਐਨ.ਏ.ਐਸ.ਐਸ.ਸੀ.ਓ.ਐਮ.) (National Association of Software and Services Companies) (NASSCOM) ਦੇ ਨਾਲ, ਸਮਝੌਤਾ ਗਿਆਪਨ ਤੇ ਦਸਤਖਤ ਕੀਤੇ। ਬ੍ਰੈਂਪਟਨ ਇੱਕਮਾਤਰ ਕੈਨੇਡਿਅਨ ਸ਼ਹਿਰ ਹੈ, ਜੋ ਇਸ ਪ੍ਰੋਗਰਾਮ ਦੇ ਵਿਸਤਾਰ ਲਈ ਚੁਣਿਆ ਜਾਵੇਗਾ।

ਇਸ ਭਾਈਵਾਲੀ ਦੇ ਦੁਆਰਾ, ਲੌਂਚਪੈਡ ਪ੍ਰੋਗਰਾਮ, ਭਾਰਤ ਸਰਕਾਰ ਅਤੇ ਲੋਕਲ ਟੈਕਨੋਲੋਜੀ ਈਕੋਸਿਸਟਮਾਂ ਦੇ ਵਿਚਕਾਰ ਸਬੰਧਾਂ ਨੂੰ ਵਧਾ ਕੇ, ਇਨਫਰਮੇਸ਼ਨ ਟੈਕਨੋਲੋਜੀ (ਆਈ.ਟੀ.) (Information Technology) (IT) ਕੰਪਨੀਆਂ ਦੇ ਗਲੋਬਲ ਵਿਸਤਾਰ ਲਈ ਕੈਟਾਲਿਸਟ ਵਜੋਂ ਕੰਮ ਕਰੇਗਾ। ਪ੍ਰੋਗਰਾਮ ਵਿੱਚ ਭਾਗੀਦਾਰਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸਰਕਾਰੀ ਨਿਯਮਾਂ, ਟੈਕਸ ਯੋਜਨਾਬੰਦੀ ਅਤੇ ਪ੍ਰੋਤਸਾਹਨ ਨਾਲ ਸਹਾਇਤਾ ਦੇ ਨਾਲ, ਵਿਦੇਸ਼ੀ ਬਜ਼ਾਰਾਂ ਵਿੱਚ ਕੰਮ ਕਰਨ ਲਈ ਪਹੁੰਚ ਵਿੱਚ ਸੁਧਾਰ ਹੋਵੇਗਾ।

ਬ੍ਰੈਂਪਟਨ BHive (Brampton BHive) – ਡਾਉਨਟਾਉਨ ਬ੍ਰੈਂਪਟਨ ਵਿੱਚ ਅੰਤਰਰਾਸ਼ਟਰੀ ਕਾਰੋਬਾਰਾਂ ਲਈ ਇੱਕ ਸੌਫਟ ਲੈਂਡਿੰਗ ਪੈਡ – ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੀਆਂ ਆਈ.ਟੀ. (IT) ਕੰਪਨੀਆਂ ਲਈ ਮੁੱਖ ਦਫਤਰ ਵਜੋਂ ਕੰਮ ਕਰੇਗਾ।

**ਨੈਸ਼ਨਲ ਐਸੋਸੀਏਸ਼ਨ ਆਫ ਸੌਫਟਵੇਅਰ ਐਂਡ ਸਰਵਿਸਿਜ ਕੰਪਨੀਜ (ਐਨ.ਏ.ਐਸ.ਐਸ.ਸੀ.ਓ.ਐਮ.)**

ਐਨ.ਏ.ਐਸ.ਐਸ.ਸੀ.ਓ.ਐਮ. (NASSCOM), ਭਾਰਤ ਵਿੱਚ ਪ੍ਰੀਮੀਅਰ ਟ੍ਰੇਡ ਸੰਸਥਾ ਅਤੇ ਟੈਕਨੋਲੋਜੀ ਇੰਡਸਟਰੀ ਦਾ ਚੈਂਬਰ ਆਫ ਕੋਮਰਸ ਹੈ। ਇਸ ਵਿੱਚ ਭਾਰਤੀ ਅਤੇ ਭਾਰਤ ਵਿੱਚ ਮੌਜੂਦਗੀ ਵਾਲੇ ਮਲਟੀਨੈਸ਼ਨਲ ਸੰਗਠਨਾਂ, ਦੋਵਾਂ ਸਮੇਤ, 3,000 ਤੋਂ ਵੱਧ ਮੈਂਬਰ ਕੰਪਨੀਆਂ ਹਨ। ਇਸਦੀ ਮੈਂਬਰਸ਼ਿਪ, ਇੰਡਸਟਰੀ ਦੇ ਸਮੁੱਚੇ ਸਪੈਕਟ੍ਰਮ ਵਿੱਚ ਫੈਲੀ ਹੋਈ ਹੈ, ਸਟਾਰਟ-ਅਪਸ ਤੋਂ ਲੈ ਕੇ ਮਲਟੀਨੈਸ਼ਨਲ ਅਤੇ ਉਤਪਾਦਾਂ ਤੋਂ ਸੇਵਾਵਾਂ, ਗਲੋਬਲ ਸਰਵਿਸ ਸੈਂਟਰਾਂ ਤੋਂ ਇੰਜੀਨੀਅਰਿੰਗ ਫਰਮਾਂ ਤੱਕ।

**ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ ਦੇ ਬਾਰੇ ਵਿੱਚ**

ਡਾਉਨਟਾਉਨ ਬ੍ਰੈਂਪਟਨ ਵਿੱਚ ਸਥਿਤ, ਇਨੋਵੇਸ਼ਨ ਡਿਸਟ੍ਰਿਕਟ (Innovation District) ਦਾ ਸਪਸ਼ਟ ਧਿਆਨ, ਸਟਾਰਟ-ਅਪ ਸਕੇਲਿੰਗ, ਨਿਵੇਸ਼ ਆਕਰਸ਼ਣ ਅਤੇ ਪ੍ਰਤਿਭਾ ਵਿਕਾਸ ਉੱਤੇ ਹੈ ਅਤੇ ਇਹ ਉੱਦਮੀਆਂ ਅਤੇ ਨਵੇਂ ਕਾਰੋਬਾਰਾਂ ਲਈ ਲੋਕਲ ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਇਨੋਵੇਸ਼ਨ ਅਤੇ ਟੈਕਨੋਲੋਜੀ ਕੰਪਨੀਆਂ ਨੂੰ, ਉਹਨਾਂ ਦੇ ਕੰਮ ਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਲਈ ਵਸੀਲੇ ਵੀ ਪੇਸ਼ ਕਰਦਾ ਹੈ।

2019 ਵਿੱਚ ਸਮਝੌਤੇ ਸ਼ੁਰੂ ਕਰਕੇ, ਸਿਟੀ ਨੇ ਆਪਣੇ ਇਨੋਵੇਸ਼ਨ ਡਿਸਟ੍ਰਿਕਟ (Innovation District) ਵਿੱਚ ਇਨੋਵੇਸ਼ਨ ਡਿਸਟ੍ਰਿਕਟ ਦੇ ਭਾਈਵਾਲਾਂ ਦੇ ਦੁਆਰਾ ਕੀਤੇ ਜਾ ਰਹੇ ਨਿਵੇਸ਼ਾਂ ਵਿੱਚ, ਲਗਭਗ 55.2 ਮਿਲੀਅਨ ਡਾਲਰ ਦੇ ਵਾਧੂ ਨਿਵੇਸ਼ ਦੇ ਨਾਲ, ਲਗਭਗ 20.5 ਮਿਲੀਅਨ ਡਾਲਰ ਦੇ ਨਿਵੇਸ਼ ਲਈ ਵਚਨਬੱਧਤਾ ਕੀਤੀ ਹੈ।

ਇਨੋਵੇਸ਼ਨ ਡਿਸਟ੍ਰਿਕਟ ਦੇ ਭਾਈਵਾਲਾਂ ਵਿੱਚ ਸ਼ਾਮਲ ਹਨ, ਉੱਦਮੀ, ਬਿਜਨੇਸ ਇਨਕਿਉਬੇਸ਼ਨ, ਪੋਸਟ-ਸੈਕੰਡਰੀ ਟ੍ਰੇਨਿੰਗ ਅਤੇ ਐਕਸਲਰੇਟਰ ਥਾਵਾਂ, ਜਿਵੇਂ ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre), BHive ਬ੍ਰੈਂਪਟਨ (BHive Brampton), ਟੋਰੋਂਟੋ ਮੈਟਰੋਪੋਲੀਟਨ ਯੂਨੀਵਰਸਿਟੀ-ਸੰਚਾਲਿਤ ਵੈਂਚਰ ਜ਼ੋਨ (Toronto Metropolitan University-led Venture Zone), ਅਲਟੀਟਿਊਡ ਐਕਸਲਰੇਟਰ (Altitude Accelerator), ਫਾਊਂਡਰ ਇੰਸਟੀਟਿਊਟ (Founder Institute), ਅਲਗੋਮਾ ਯੂਨੀਵਰਸਿਟੀ (Algoma University) ਅਤੇ ਰੋਜਰਸ ਸਾਇਬਰਸਿਕਿਓਰ ਕੈਟਾਲਿਸਟ ਹੈਡਕੁਆਰਟਰਸ ਐਂਡ ਐਕਸਲਰੇਟਰ (Rogers Cybersecure Catalyst Headquarters and Accelerator)। ਸ਼ੈਰੀਡਨ ਐਜ (Sheridan Edge), ਬ੍ਰੈਂਪਟਨ ਬੋਰਡ ਆਫ ਟ੍ਰੇਡ (Brampton Board of Trade) ਅਤੇ ਡਾਉਨਟਾਉਨ ਬ੍ਰੈਂਪਟਨ ਬੀ.ਆਈ.ਏ. (Downtown Brampton BIA) ਵੀ, ਇਨੋਵੇਸ਼ਨ ਡਿਸਟ੍ਰਿਕਟ ਬਣਾਉਣ ਵਿੱਚ ਮਹੱਤਵਪੂਰਣ ਭਾਈਵਾਲ ਹਨ।

**ਬ੍ਰੈਂਪਟਨ BHive ਦੇ ਬਾਰੇ ਵਿੱਚ**

ਇਨੋਵੇਸ਼ਨ ਡਿਸਟ੍ਰਿਕਟ ਵਿੱਚ ਸਥਿਤ BHive, ਸਿਟੀ ਆਫ ਬ੍ਰੈਂਪਟਨ ਵੱਲੋਂ ਪ੍ਰਾਯੋਜਿਤ ਇੱਕ ਪਹਿਲਕਦਮੀ ਹੈ, ਜਿਸਦਾ ਟੀਚਾ ਇਨੋਵੇਟਰਾਂ ਦੀ ਅਗਲੀ ਪੀੜ੍ਹੀ ਦਾ ਸ਼ਕਤੀਕਰਨ ਕਰਨਾ, ਉਹਨਾਂ ਦੇ ਸਫ਼ਰ ਦੀ ਗਤੀ ਤੇਜ਼ ਕਰਨਾ ਅਤੇ ਉੱਦਮੀਆਂ, ਅਰਥਚਾਰੇ ਅਤੇ ਪੂਰੀ ਕਮਿਉਨਿਟੀ ਲਈ ਸਕਾਰਾਤਮਕ ਅਸਰ ਪੈਦਾ ਕਰਨਾ ਹੈ। ਟੋਰੋਂਟੋ ਬਿਜਨੇਸ ਡਿਵੈਲਪਮੈਂਟ ਸੈਂਟਰ (Toronto Business Development Centre) ਦੇ ਸਹਿਯੋਗ ਨਾਲ ਸਥਾਪਤ, BHive ਦਾ ਉਦੇਸ਼ ਸਟਾਰਟ-ਅਪ ਵੀਜਾ ਪ੍ਰੋਗਰਾਮ (Start-up Visa Program) ਦੇ ਦੁਆਰਾ, ਉਹਨਾਂ ਵਿਦੇਸ਼ੀ ਉੱਦਮੀਆਂ ਨੂੰ ਆਕਰਸ਼ਿਤ ਕਰਨਾ ਹੈ, ਜੋ ਕੈਨੇਡਾ ਵਿੱਚ ਨਵੇਂ ਅਤੇ ਵਿਕਸਿਤ ਹੋਣ ਯੋਗ ਕਾਰੋਬਾਰ ਸਥਾਪਤ ਕਰਨਾ ਚਾਹੁੰਦੇ ਹਨ। ਸਫਲ ਬਿਨੈਕਾਰਾਂ ਨੂੰ ਉਹਨਾਂ ਦੀ ਸਥਾਈ ਰਿਹਾਇਸ਼ ਪ੍ਰਦਾਨ ਕੀਤੀ ਜਾਵੇਗੀ ਅਤੇ ਉਹਨਾਂ ਦੇ 6 ਮਹੀਨੇ ਦੇ ਇਨਕਿਉਬੇਸ਼ਨ ਪ੍ਰੋਗਰਾਮ ਦੇ ਦੌਰਾਨ, ਉਹਨਾਂ ਨੂੰ ਦਫਤਰ ਦੀ ਥਾਂ, ਨੈੱਟਵਰਕਿੰਗ ਮੌਕਿਆਂ ਅਤੇ ਕਾਰੋਬਾਰ ਵਿੱਚ ਸਹਾਇਤਾ ਸਬੰਧੀ ਸੇਵਾਵਾਂ ਸਮੇਤ, ਕਈ ਵਸੀਲੇ ਪ੍ਰਦਾਨ ਕੀਤੇ ਜਾਣਗੇ।

ਇਨੋਵੇਸ਼ਨ ਡਿਸਟ੍ਰਿਕਟ ਬਾਰੇ ਹੋਰ ਜਾਣਕਾਰੀ ਲਈ, www.bramptoninnovationdistrict.com ਤੇ ਜਾਓ ਜਾਂ ਇਸ ਇਨੋਵੇਸ਼ਨ ਈਕੋਸਿਸਟਮ ਦੇ ਅਸਰਾਂ ਨੂੰ ਉਜਾਗਰ ਕਰਨ ਵਾਲਾ, ਸਿਟੀ ਦਾ ਵੀਡੀਓ (video) ਦੇਖੋ। BHive ਬਾਰੇ ਹੋਰ ਜਾਣਨ ਲਈ, thebhive.ca ਤੇ ਜਾਓ।

**ਹਵਾਲੇ**

"ਇਸ ਸਮੁੱਚੀ ਟਰਮ ਦੇ ਦੌਰਾਨ, ਬ੍ਰੈਂਪਟਨ ਸਿਟੀ ਕਾਉਂਸਿਲ ਨੇ ਬ੍ਰੈਂਪਟਨ ਨੂੰ ਇਨੋਵੇਸ਼ਨ ਵਿੱਚ ਲੀਡਰ ਅਤੇ ਨਿਵੇਸ਼ ਕਰਨ ਦੀ ਮੁੱਖ ਥਾਂ ਵਜੋਂ ਅੱਗੇ ਵਧਾਉਣ ਨੂੰ ਤਰਜੀਹ ਦਿੱਤੀ ਹੈ। ਐਨ.ਏ.ਐਸ.ਐਸ.ਸੀ.ਓ.ਐਮ. ਵਰਗੇ ਅੰਤਰਰਾਸ਼ਟਰੀ ਭਾਈਵਾਲਾਂ ਦੇ ਨਾਲ ਸਬੰਧਾਂ ਨੂੰ ਮਜ਼ਬੂਤ ਕਰਕੇ, ਅਸੀਂ ਲੋਕਲ ਆਰਥਿਕ ਫਾਇਦੇ ਪ੍ਰਦਾਨ ਕਰਦੇ ਹੋਏ, ਬ੍ਰੈਂਪਟਨ ਦੀ ਪ੍ਰੋਫਾਈਲ ਨੂੰ ਗਲੋਬਲ ਤੌਰ ਤੇ ਲਗਾਤਾਰ ਅੱਗੇ ਵਧਾ ਰਹੇ ਹਾਂ। ਮੈਂ ਸਾਡੇ ਭਾਈਵਾਲਾਂ ਦੇ ਨਾਲ ਇਸ ਮਹੱਤਵਪੂਰਣ ਕੰਮ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਹਾਂ!"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਲੋਕਲ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਟੇਕਹੋਲਡਰਾਂ ਦੇ ਨਾਲ ਲਗਾਤਾਰ ਸਹਿਯੋਗ ਦੇ ਦੁਆਰਾ, ਬ੍ਰੈਂਪਟਨ ਦਾ ਇਨੋਵੇਸ਼ਨ ਡਿਸਟ੍ਰਿਕਟ, ਉਹਨਾਂ ਵਸੀਲਿਆਂ ਅਤੇ ਸੇਵਾਵਾਂ ਤੱਕ ਵਧੀ ਹੋਈ ਪਹੁੰਚ ਪ੍ਰਦਾਨ ਕਰਨ ਦੀ ਬੇਜੋੜ ਸਥਿਤੀ ਵਿੱਚ ਹੈ, ਜੋ ਲੋਕਲ ਉੱਦਮੀਆਂ ਅਤੇ ਕਾਰੋਬਾਰੀਆਂ ਨੂੰ ਵਧਣ-ਫੁੱਲਣ ਵਿੱਚ ਮਦਦ ਕਰਦੇ ਹਨ। ਇਹ ਭਾਈਵਾਲੀ, ਉਸ ਕੰਮ ਨੂੰ ਹੋਰ ਤੇਜ਼ ਕਰੇਗੀ, ਜੋ ਅਸੀਂ ਡਾਉਨਟਾਉਨ ਬ੍ਰੈਂਪਟਨ ਵਿੱਚ ਇਨੋਵੇਸ਼ਨ ਅਤੇ ਉੱਦਮੀ ਈਕੋਸਿਸਟਮ ਬਣਾਉਣ ਲਈ, ਹੁਣ ਤੱਕ ਕੀਤਾ ਹੈ।"

*- ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਸਿਟੀ ਨੂੰ ਐਨ.ਏ.ਐਸ.ਐਸ.ਸੀ.ਓ.ਐਮ. ਦੇ ਵਿਅਕਤੀਗਤ ਪ੍ਰਤੀਨਿਧੀ ਮੰਡਲ ਦਾ ਸੁਆਗਤ ਕਰਕੇ ਅਤੇ ਸਾਡੇ ਵਧ ਰਹੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਮੁੱਖ ਭਾਈਵਾਲਾਂ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਣ ਦੀ ਬਹੁਤ ਖੁਸ਼ੀ ਹੋਈ, ਜਦੋਂ ਅਸੀਂ ਲਗਾਤਾਰ ਸ਼ਹਿਰ ਨੂੰ ਦੁਬਾਰਾ ਖੋਲ ਰਹੇ ਹਾਂ। ਲਗਾਤਾਰ ਨਿਵੇਸ਼ ਅਤੇ ਇਕੱਠੇ ਮਿਲਕੇ ਕੰਮ ਕਰਨ ਦੇ ਦੁਆਰਾ, ਅਸੀਂ ਲਗਾਤਾਰ ਅੰਤਰਰਾਸ਼ਟਰੀ ਧਿਆਨ ਆਕਰਸ਼ਿਤ ਕਰ ਰਹੇ ਹਾਂ, ਜੋ ਬ੍ਰੈਂਪਟਨ ਨੂੰ ਇਨੋਵੇਸ਼ਨ ਵਿੱਚ ਗਲੋਬਲ ਲੀਡਰ ਵਜੋਂ ਸਥਾਪਤ ਕਰਦਾ ਹੈ।"

- *ਪਾਲ ਵਿਸੈਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਐਨ.ਏ.ਐਸ.ਐਸ.ਸੀ.ਓ.ਐਮ. ਵਰਗੇ ਭਾਈਵਾਲਾਂ ਦੇ ਨਾਲ, ਇਨੋਵੇਸ਼ਨ ਡਿਸਟ੍ਰਿਕਟ, ਇਨੋਵੇਸ਼ਨ ਅਤੇ ਟੈਕਨੋਲੋਜੀ ਵਿਚਲੇ ਕਾਰੋਬਾਰੀਆਂ ਨੂੰ ਸੰਪੰਨ ਹੋਣ ਵਾਸਤੇ ਲੋੜੀਂਦੇ ਟੂਲਸ ਅਤੇ ਵਸੀਲੇ ਪ੍ਰਦਾਨ ਕਰਨ ਲਈ, ਲਗਾਤਾਰ ਆਪਣੇ ਈਕੋਸਿਸਟਮ ਵਿੱਚ ਵਾਧਾ ਕਰ ਰਿਹਾ ਹੈ। ਗਲੋਬਲ ਭਾਈਵਾਲੀਆਂ ਅਤੇ ਸਾਂਝੇ ਗਿਆਨ ਅਤੇ ਬੇਹਤਰ ਪੱਧਤੀਆਂ ਦਾ ਫਾਇਦਾ ਲੈ ਕੇ, ਬ੍ਰੈਂਪਟਨ, ਨਿਵੇਸ਼ ਕਰਨ ਵਾਸਤੇ ਕਾਰੋਬਾਰੀਆਂ ਲਈ ਇੱਕ ਬੇਮਿਸਾਲ ਟਿਕਾਣਾ ਬਣ ਰਿਹਾ ਹੈ।"

- *ਕਲੇਅਰ ਬਾਰਨੇਟ (Clare Barnett), ਡਾਇਰੈਕਟਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca